# ਦਫਤਰ ਜਿਲਾ ਸਿੱਖਿਆ ਅਫਸਰ (ਐਸਿ) ਫਾਜ਼ਿਲਕਾ

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ.ਐਸ.ਪੀ. ਬਲਾਕ, ਤੀਜੀ ਮੰਜ਼ਿਲ, ਕਮਰਾ ਨੰ. 403
EMAIL ID:- deoee.fazilka@punjabeducation.gov.in

ਵੱਲ: ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,
ਜਿਲਾ ਫਾਜਿਲਕਾ।

ਮੀਮੋ ਨੰਬਰ: ਸਸਅਸ/2022/ 64680 ਮਿਤੀ: 17-3-22

ਵਿਸ਼ਾ: ਸਿੱਖਿਆ ਦਾ ਅਧਿਕਾਰ ਐਕਟ ਤਹਿਤ ਜਿਲਾ ਫਾਜ਼ਿਲਕਾ ਦੇ ਪ੍ਰਾਈਵੇਟ ਸਕੂਲਾਂ ਦੀ ਮਾਨਤਾ/ ਰਜਿਸਟਰੇਸ਼ਨ ਬਾਰੇ।

ਇਸ ਦਫਤਰ ਵਿਖੇ ਮਿਤੀ: 15-3-2022 ਨੂੰ ਆਪ ਜੀ ਨਾਲ ਵੱਖ-ਵੱਖ ਮੁੱਦਿਆਂ ਤੇ ਹੋਈ ਮੀਟਿੰਗ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਆਪ ਵੱਲੋ ਆਪਣੇ- ਆਪਣੇ ਬਲਾਕ ਖੇਤਰ ਦੀ ਕੀਤੀ/ ਕਰਵਾਈ ਵਿਜ਼ਿਟ ਸਮੇਂ ਕਈ ਪ੍ਰਾਈਵੇਟ ਸਕੂਲ ਕਰੋਨਾ ਕਾਰਣ ਜਾਂ ਦਾਖਲੇ ਨਾ ਹੋਣ ਕਾਰਣ ਬੰਦ ਪਾਏ ਗਏ। ਸੋ ਇਸ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ-ਆਪਣੇ ਬਲਾਕ ਦੇ ਸਮੂਹ ਪ੍ਰਾਈਵੇਟ ਏਡਿਡ/ ਅਣਏਡਿਡ ਸਕੂਲਾਂ ਨੂੰ ਹਦਾਇਤ ਜਾਰੀ ਕੀਤੀ ਜਾਵੇ ਕਿ ਅਗਲੇ ਸੈਸ਼ਨ (2022-23) ਦੀ ਸ਼ੁਰੂਆਤ ਤੋਂ ਪਹਿਲਾਂ ਉਹ ਆਪਣੇ ਸਕੂਲ ਦੀ ਈ-ਪੰਜਾਬ login ID ਤੋਂ RTE Recognition/Registration ਲਈ ਆਨਲਾਈਨ ਅਪਲਾਈ ਕਰਨ ਤਾਂ ਕਿ ਸਿੱਖਿਆ ਦਾ ਅਧਿਕਾਰ ਐਕਟ ਤਹਿਤ ਉਪਰੇਸ਼ਨਲ ਸਕੂਲਾਂ ਨੂੰ ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ (ਸਿੱਖਿਆ-3 ਸ਼ਾਖਾ) ਵੱਲੋ ਜਾਰੀ ਅਧਿਸੂਚਨਾ ਮਿਤੀ: 31-8-20 ਅਨੁਸਾਰ ਆਨਲਾਈਨ ਮਾਨਤਾ ਪੱਤਰ ਜਾਰੀ ਕੀਤਾ ਜਾ ਸਕੇ।

ਜਿਲਾ ਸਿੱਖਿਆ ਅਫਸਰ (ਐਸਿ)
ਫਾਜ਼ਿਲਕਾ

ਆਨਲਾਈਨ ਅਪਲਾਈ ਕਰਨ ਵੇਲੇ ਹੇਠ ਦਿੱਤੇ ਦਸਤਾਵੇਜ਼ ਅਪਲੋਡ ਹੋਣਗੇ:

1. ਫਾਰਮ-1 ਸਮੇਤ ਪਹਿਲਾਂ ਜਾਰੀ ਹੋਇਆ ਮਾਨਤਾ ਪੱਤਰ (ਫਾਰਮ-2),
2. ਸੋਸਾਇਟੀ ਰਜਿਸਟਰੇਸ਼ਨ ਸਰਟੀਫਿਕੇਟ,
3. ਸੋਸਾਇਟੀ ਦਾ ਸੰਵਿਧਾਨ (ਮੈਮੋਰੈਂਡਮ ਅਤੇ ਆਰਟੀਕਲਜ਼),
4. ਸਵੈ ਘੋਸ਼ਣਾ ਪੱਤਰ (ਅੰਗਰੇਜ਼ੀ),
5. ਸਵੈ ਘੋਸ਼ਣਾ ਪੱਤਰ (ਪੰਜਾਬੀ),
6. ਬਿਲਡਿੰਗ ਸੇਫਟੀ ਸਰਟੀਫਿਕੇਟ,
7. ਫਾਇਰ ਸੇਫਟੀ ਸਰਟੀਫਿਕੇਟ,
8. ਸੇਫ ਡਰਿੰਕਿੰਗ ਵਾਟਰ ਸਰਟੀਫਿਕੇਟ ਅਤੇ ਸੈਨੀਟੇਸ਼ਨ ਸਰਟੀਫਿਕੇਟ,
9. ਸਕੂਲ ਜ਼ਮੀਨ ਦਾ ਮਾਲਕੀ ਸਬੂਤ ਜਾਂ ਰਜਿਸਟਰਡ ਲੀਜ਼-ਡੀਡ,
10. ਸਕੂਲ ਦਾ ਤਸਦੀਕਸ਼ੁਦਾ ਨਕਸ਼ਾ,
11. ਪਿਛਲੇ ਤਿੰਨ ਸਾਲਾਂ ਦੇ ਖਾਤੇ ਅਤੇ ਬੈਲੇਂਸ ਸ਼ੀਟਾਂ,
12. ਟਰਾਂਸਪੋਰਟ ਬਾਰੇ ਐਫੀਡੈਵਿਟ।

Scanned with CamScanner